**ਪ੍ਰੈਸ ਨੋਟ**

**(ਫਿਰੋਜ਼ਪੁਰ ਪੁਲਿਸ)**

**ਫਿਰੋਜ਼ਪੁਰ: 17 ਨਵੰਬਰ 2023**

**ਜਿਲ੍ਹਾ ਫਿਰੋਜ਼ਪੁਰ ਪੁਲਿਸ ਵੱਲੋ ਮਾੜੇ ਅਨਸਰਾਂ ਵਿਰੁੱਧ ਜਾਰੀ ਮੁਹਿੰਮ ਤਹਿਤ ਵੱਡੀ ਸਫਲਤਾ ਹਾਸਿਲ ਕਰਦਿਆਂ 02 ਦੋਸ਼ੀਆ ਨੂੰ ਕਾਬੂ ਕਰਕੇ ਉਨ੍ਹਾ ਪਾਸੋ 02 ਕਿਲੋ ਹੈਰੋਇਨ ਬਰਾਮਦ ਕੀਤੀ।**

**ਸ਼੍ਰੀ ਦੀਪਕ ਹਿਲੋਰੀ ਐਸ.ਐਸ.ਪੀ ਫਿਰੋਜ਼ਪੁਰ ਜੀ ਵੱਲੋਂ** ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾਂ ਨਿਰਦੇਸ਼ਾ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆਂ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ ਕੀਤੀ ਜਾ ਰਹੀ ਹੈ। ਇਸ ਸੰਬਧੀ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜਟਿਡ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।

ਇਸ ਮੁਹਿੰਮ ਤਹਿਤ ਸ਼੍ਰੀ ਰਣਧੀਰ ਕੁਮਾਰ, ਆਈ.ਪੀ.ਐਸ, ਕਪਤਾਨ ਪੁਲਿਸ (ਇੰਨ:) ਫਿਰੋਜਪੁਰ, ਸ਼੍ਰੀ ਬਲਕਾਰ ਸਿੰਘ ਡੀ.ਐਸ.ਪੀ (ਡੀ) ਅਤੇ ਸ਼੍ਰੀ ਸੰਦੀਪ ਸਿੰਘ ਡੀ.ਐਸ.ਪੀ ( ਦਿਹਾਤੀ) ਦੀ ਨਿਗਰਾਨੀ ਹੇਠ, ਇੰਸਪੈਕਟਰ ਹਰਪ੍ਰੀਤ ਸਿੰਘ ਇੰਚਾਰਜ਼ ਸੀ.ਆਈ.ਏ ਸਟਾਫ ਫਿਰੋਜ਼ਪੁਰ ਦੀ ਅਗਵਾਈ ਅਧੀਨ ਸ.ਥ. ਗੁਰਚਰਨ ਸਿੰਘ ਸੀ.ਆਈ.ਏ ਸਟਾਫ ਫਿਰੋਜ਼ਪੁਰ ਸਮੇਤ ਪੁਲਿਸ ਪਾਰਟੀ ਗਸ਼ਤ ਵਾਂ ਚੈਕਿੰਗ ਸ਼ੱਕੀ ਪੁਰਸ਼ਾ ਅਤੇ ਸ਼ੱਕੀ ਵਹੀਕਲਾਂ ਦੇ ਸਬੰਧ ਵਿੱਚ ਮੇਨ ਹਾਈਵੇ ਜੀਰਾ ਰੋਡ ਤਿਕੋਣੀ ਪਾਸ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਨਮੋਲ ਸਿੰਘ ਪੁੱਤਰ ਲਖਵਿੰਦਰ ਸਿੰਘ ਅਤੇ ਅਨੁਰਾਗ ਉਰਫ ਸੱਗੂ ਪੁੱਤਰ ਸੁਰਜੀਤ ਸਿੰਘ ਵਾਸੀਆਨ ਪਿੰਡ ਵਰਿਆਂ ਥਾਣਾ ਮੱਖੂ ਆਪਸ ਵਿੱਚ ਮਿਲ ਕੇ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ ਅਤੇ ਦੋਵੇ ਜਣੇ ਭਾਰੀ ਮਾਤਰਾ ਵਿੱਚ ਹੈਰੋਇਨ ਲੈ ਕੇ ਪੁਲ ਹਾਈਵੇ ਪਾਸ ਵਹੀਕਲ ਦਾ ਇੰਤਜਾਰ ਕਰ ਰਹੇ ਹਨ। ਜੇਕਰ ਹੁਣੇ ਰੇਡ ਕੀਤਾ ਜਾਵੇ ਤਾਂ ਅਨਮੋਲ ਸਿੰਘ ਅਤੇ ਅਨੁਰਾਗ ਉਰਫ ਸੱਗੂ ਹੈਰੋਇਨ ਸਮੇਤ ਰੰਗੇ ਹੱਥੀ ਕਾਬੂ ਆ ਸਕਦੇ ਹਨ। ਜਿਸ ਤੇ ਮੁਸਮੀ ਅਨਮੋਲ ਸਿੰਘ ਅਤੇ ਅਨੁਰਾਗ ਉਰਫ ਸੱਗੂ ਖਿਲਾਫ ਮੁਕੱਦਮਾ ਨੰ. 70 ਮਿਤੀ 16-11-2023 ਅ/ਧ 21/61/85 ਐਨ.ਡੀ.ਪੀ.ਐਸ ਐਕਟ ਤਹਿਤ ਥਾਣਾ ਤਲਵੰਡੀ ਭਾਈ ਦਰਜ ਰਜਿਸਟਰ ਕੀਤਾ ਗਿਆ। ਸ.ਥ ਗੁਰਚਰਨ ਸਿੰਘ ਵੱਲੋ ਸਮੇਤ ਪੁਲਿਸ ਪਾਰਟੀ **ਬਾ-ਹੱਦ ਰਕਬਾ ਮੇਨ ਹਾਈਵੇ ਜੀਰਾ ਰੋਡ ਤਿਕੋਣੀ ਤਲਵੰਡੀ ਭਾਈ ਤੋਂ** ਮੁਸਮੀ ਅਨਮੋਲ ਸਿੰਘ ਅਤੇ ਅਨੁਰਾਗ ਉਰਫ ਸੱਗੂ ਨੂੰ 02 ਕਿੱਲੋ ਹੈਰੋਇਨ ਸਮੇਤ ਕਾਬੂ ਕੀਤਾ ਗਿਆ। ਦੋਸ਼ੀ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਿਲ ਕੀਤਾ ਜਾਵੇਗਾ। ਪੁੱਛਗਿੱਛ ਦੌਰਾਨ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

**ਮੁਕੱਦਮਾ ਨੰ. 70 ਮਿਤੀ 16-11-2023 ਅ/ਧ 21/61/85 ਐਨ.ਡੀ.ਪੀ.ਐਸ ਐਕਟ ਥਾਣਾ ਤਲਵੰਡੀ ਭਾਈ।**

ਬਨਾਮ:- 1. ਅਨਮੋਲ ਸਿੰਘ ਪੁੱਤਰ ਲਖਵਿੰਦਰ ਸਿੰਘ
2. ਅਨੁਰਾਗ ਉਰਫ ਸੱਗੂ ਪੁੱਤਰ ਸੁਰਜੀਤ ਸਿੰਘ ਵਾਸੀਆਨ ਪਿੰਡ ਵਰਿਆਂ ਥਾਣਾ ਮੱਖੂ।

**ਬ੍ਰਾਮਦਗੀ :- 02 ਕਿੱਲੋ ਹੈਰੋਇਨ।**

**ਵਕੂਆ ਦੀ ਮਿਤੀ ਅਤੇ ਸਥਾਨ**- ਮਿਤੀ 16-11-2023, ਮੇਨ ਹਾਈਵੇ ਜੀਰਾ ਰੋਡ ਤਿਕੋਣੀ ਤਲਵੰਡੀ ਭਾਈ

ਪੜਤਾਲ ਰਿਕਾਰਡ ਕਰਨ ਤੇ **ਅਨਮੋਲ ਸਿੰਘ** ਉਕਤ ਦੇ ਖਿਲਾਫ ਹੇਠ ਲਿਖੇ ਮੁਕਦਮੇ ਦਰਜ਼ ਰਜਿਸਟਰ ਹੋਣੇ ਤਸਦੀਕ ਹੋਏ ਹਨ:-

1. ਮੁਕੱਦਮਾ ਨੰ. 97 ਮਿਤੀ 22-06-2022 ਅ/ਧ 341,506,323,148,149 ਆਈ.ਪੀ.ਸੀ. ਥਾਣਾ ਮੱਖੂ
2. ਮੁਕੱਦਮਾ ਨੰ. 168 ਮਿਤੀ 04-12-2019 ਅ/ਧ 365 ਆਈ.ਪੀ.ਸੀ. ਥਾਣਾ ਮੱਖੂ

3. ਮੁਕੱਦਮਾ ਨੰ. 174 ਮਿਤੀ 06-10-2022 ਅ/ਧ 21/61/85 ਐਨ.ਡੀ.ਪੀ.ਐਸ. ਥਾਣਾ ਮੱਖੂ